# ਨਮੂਨੇ ਦਾ ਪ੍ਰਸ਼ਨ-ਪੱਤਰ
## ਸ਼੍ਰੇਣੀ ਦਸਵੀਂ
## ਪੰਜਾਬੀ ਬੀ (ਵਾਧੂ ਵਿਸ਼ਾ)
## ਵਿੱਦਿਅਕ ਸੈਸ਼ਨ: 2023-24

**ਸਮਾਂ : 3 ਘੰਟੇ**

**ਕੁੱਲ ਅੰਕ : 75**

**ਪਾਸ ਅੰਕ : 25**

1. ਸੁੰਦਰ ਲਿਖਾਈ ਲਈ 5 ਅੰਕ ਰਾਖਵੇਂ ਹਨ ਜੋ ਕਿ ਪ੍ਰਸ਼ਨ-ਪੱਤਰ ਦੇ ਕੁੱਲ 75 ਅੰਕਾਂ ਵਿੱਚ ਹੀ ਸ਼ਾਮਲ ਹਨ। 5

2. ਵਸਤੂਨਿਸ਼ਠ ਪ੍ਰਸ਼ਨ

(ੳ) ਵਿਆਕਰਨ ਦੇ ਮੁੱਖ ਅੰਗ ਕਿੰਨੇ ਹਨ ? 1

(ਅ) ਪੰਜਾਬੀ ਵਿੱਚ ਕਿੰਨੀਆਂ ਲਗਾਂ ਦੀ ਵਰਤੋਂ ਹੁੰਦੀ ਹੈ ? 1

(ੲ) ਦੁੱਖ ਤੇ ਮਿਠਾਸ ਕਿਸ ਕਿਸਮ ਦੇ ਨਾਂਵ ਹਨ? 1

(ਸ) 'ਅਸੀਂ' ਸਾਰਾ ਰਸਤਾ ਪੈਦਲ ਮੁਕਾਇਆ।' ਇਸ ਵਾਕ 'ਚ ਕਿਰਿਆ ਇਕਹਿਰੀ ਹੈ ਜਾਂ ਸੰਯੁਕਤ ? 1

(ਹ) 'ਰਾਮ ਪੜ੍ਹਦਾ ਹੈ, ਪਰ ਸ਼ਾਮ ਖੇਡਦਾ ਹੈ।' ਇਸ ਵਾਕ ਵਿੱਚੋਂ ਯੋਜਕ ਚੁਣੋ। 1

(ਕ) 'ਏਕਮ ਫ਼ੁਟਬਾਲ ਖੇਡ ਰਿਹਾ ਸੀ।' ਇਸ ਵਾਕ ਕਿਹੜੇ ਕਾਲ ਨਾਲ ਸੰਬੰਧਿਤ ਹੈ? 1

(ਖ) 'ਤਾਕਤ' ਸ਼ਬਦ ਦਾ ਸਮਾਨਾਰਥਕ ਸ਼ਬਦ ਲਿਖੋ। 1

(ਗ) ਕਿਹੜੀ ਚੀਜ਼ ਨੂੰ ਭਾਸ਼ਾ ਦਾ ਪਹਿਰਾਵਾ ਕਿਹਾ ਜਾਂਦਾ ਹੈ ? 1

(i) ਵਰਨ-ਮਾਲ਼ਾ (ii) ਲਿਪੀ

(iii) ਸ਼ਬਦ (iv) ਲਗਾਂ-ਮਾਤਰਾਂ

(ਘ) ਅਨਯ ਪੁਰਖ ਚੁਣੋ: 1

(i) ਮੈਂ ਅਸੀਂ (ii) ਤੂੰ ਤੇਰਾ

(iii) ਉਹ/ਉਹਨਾਂ (iv) ਸਾਡਾ

(ਙ) . ਪੰਜਾਬੀ ਨੂੰ ਪੰਜਾਬ ਵਿੱਚ ਕੀ ਦਰਜਾ ਪ੍ਰਾਪਤ ਹੈ ? 1

10×1=10

3. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਲਗਪਗ 400 ਸ਼ਬਦਾਂ ਦਾ ਲੇਖ ਲਿਖੋ:

(ੳ) ਡਾ. ਭੀਮ ਰਾਓ ਅੰਬੇਦਕਰ (ਅ) ਪੰਜਾਬ ਦੇ ਮੇਲੇ

(ੲ) ਭਰੂਣ ਹੱਤਿਆ (ਸ) : ਨਸ਼ਾ ਨਾਸ਼ ਕਰਦਾ ਹੈ। 10

(ਹ) ਪਹਾੜ ਦੀ ਸੈਰ।

4. ਇੱਕ ਪੱਤਰ ਰਾਹੀਂ ਆਪਣੇ ਮਿੱਤਰ/ਸਹੇਲੀ ਨੂੰ ਆਪਣੇ ਸਕੂਲ ਵਿੱਚ ਹੋਏ ਸਲਾਨਾ ਸਮਾਗਮ ਦਾ ਹਾਲ ਲਿਖੋ।

ਜਾਂ ਭਾਗ

Downloaded from cclchapter.com

ਤੁਹਾਨੂੰ ਕੋਈ ਰਿਸਾਲਾ ਚੰਗਾ ਲੱਗਾ ਹੈ। ਇਸ ਰਿਸਾਲੇ ਦੀਆਂ ਸਿਫ਼ਤਾਂ ਦੱਸਦਿਆਂ ਉਸ ਦੇ ਸੰਪਾਦਕ ਨੂੰ ਚਿੱਠੀ ਲਿਖੋ ਕਿ ਤੁਸੀਂ ਉਸ ਰਿਸਾਲੇ ਦਾ ਚੰਦਾ ਭੇਜ ਦਿੱਤਾ ਹੈ ਅਤੇ ਰਿਸਾਲਾ ਘਰ ਦੇ ਪਤੇ ਉੱਤੇ ਭੇਜਣਾ ਸ਼ੁਰੂ ਕਰ ਦਿੱਤਾ ਜਾਵੇ।

1+5+1=7

5. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਲਗ-ਪਗ ਇੱਕ ਤਿਹਾਈ ਸ਼ਬਦਾਂ ਵਿੱਚ ਲਿਖੋ ਅਤੇ ਢੁਕਵਾਂ ਸਿਰਲੇਖ ਵੀ ਦਿਓ:

ਕਿਸੇ ਵਿਅਕਤੀ ਨੂੰ ਉਸ ਦੀ ਗ਼ਲਤੀ ਦਾ ਅਹਿਸਾਸ ਵੀ ਉਹ ਹੀ ਕਰਵਾ ਸਕਦਾ ਹੈ ਜਿਸ ਨੂੰ ਉਸ ਦੇ ਵਿਗੜਨ ਦਾ ਦੁੱਖ ਹੈ ਅਤੇ ਉਹ ਵਿਗੜੇ ਨੂੰ ਸੁਧਾਰਨ ਦੀ ਲੋੜ ਸਮਝਦਾ ਹੈ। ਜਿਹੜਾ ਉਸ ਦੀ ਤਰੱਕੀ ਦਾ ਚਾਹਵਾਨ ਹੈ, ਉਸ ਦਾ ਭਲਾ ਸੋਚਦਾ ਹੈ। ਉਹ ਉਸ ਨੂੰ ਠੁੰਮ੍ਹਣਾ ਦੇਵੇ ਕਿ ਅਜੇ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ, ਉਸ ਲਈ ਘਰ ਦੇ ਬੂਹੇ ਬੰਦ ਨਹੀਂ- 'ਭੁੱਲਾ ਉਹ ਨਾ ਜਾਣੀਏ ਜੋ ਮੁੜ ਘਰ ਆਵੇ | ਉਹ ਥੋੜ੍ਹਾ ਜਿਹਾ ਵੀ ਹੁੰਗਾਰਾ ਭਰੇ ਤਾਂ ਉਸ ਦੀ ਬਾਂਹ ਫੜ ਲਈ ਜਾਵੇ। ਉਸ ਨੂੰ ਅਹਿਸਾਸ ਕਰਵਾਇਆ ਜਾਏ ਕਿ ਉਹ ਬਹੁਤ ਕੁਝ ਕਰ ਸਕਦਾ ਹੈ। ਕਿਸੇ ਗ਼ਲਤੀ 'ਤੇ ਇਹ ਅਹਿਸਾਸ ਨਾ ਕਰਾਇਆ ਜਾਏ ਕਿ ਉਸ ਨੇ ਤਾਂ ਨੱਕ ਵਢਾ ਦਿੱਤਾ ਹੈ, ਕੋਈ ਕਿਸੇ ਨੂੰ ਮੂੰਹ ਵਿਖਾਉਣ ਜੋਗਾ ਹੀ ਨਹੀਂ ਰਿਹਾ ਸਗੋਂ ਗ਼ਲਤੀ ਸੁਧਾਰਨ ਦੇ ਮੌਕੇ 'ਤੇ ਸਾਧਨ ਦਿੱਤੇ ਜਾਣ, ਰਾਹ ਦਿੱਤਾ ਜਾਵੇ ਅੱਗੇ ਵਧਣ ਦਾ ਕਿਉਂਕਿ ਨਾ ਕੋਈ ਦੇਵਤਾ ਜੰਮਦਾ ਹੈ ਤੇ ਨਾ ਦੈਂਤ ਬੱਸ ਸੁਧਾਰ ਲਈ ਉੱਦਮ ਕਰਨ ਦੀ ਲੋੜ ਹੁੰਦੀ ਹੈ।

5+1=6

6. ਹੇਠ ਲਿਖੇ ਪੇਰੇ ਨੂੰ ਪੜ੍ਹ ਕੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ:

ਘਰ-ਪਰਿਵਾਰ ਤੋਂ ਇਲਾਵਾ ਸਮਾਜ ਵਿੱਚ ਵਿਚਰਦਿਆਂ ਸਾਡੇ ਕੋਲੋਂ ਅਨੇਕਾਂ ਗ਼ਲਤੀਆਂ ਹੋ ਜਾਂਦੀਆਂ ਹਨ। ਕਈ ਵਾਰ ਛੋਟੀਆਂ-ਛੋਟੀਆਂ ਤਕਰਾਰਾਂ ਵੀ ਹੋ ਜਾਂਦੀਆਂ ਹਨ। ਕੋਈ ਅਜਿਹੀ ਗੱਲ ਜਾ ਤਕਰਾਰ ਕਿਸੇ ਦਾ ਦਿਲ ਵੀ ਦੁਖਾ ਦਿੰਦੀ ਹੈ। ਅਜਿਹੀ ਗੱਲ ਵਰ੍ਹਿਆਂ ਤੱਕ ਅਣਬਣ ਦਾ ਕਾਰਨ ਬਣਦੀ ਹੈ। ਮੰਨ ਲਓ ਜੇਕਰ ਸਾਡੇ ਕੋਲੋਂ ਅਜਿਹਾ ਕੁਝ ਹੋ ਵੀ ਜਾਂਦਾ ਹੈ ਤਾਂ ਸਾਨੂੰ ਆਪਣੀ ਗ਼ਲਤੀ ਸਵੀਕਾਰ ਕਰ ਲੈਣ ਵਿੱਚ ਕਿਸੇ ਕਿਸਮ ਦੀ ਝਿਜਕ ਨਹੀਂ ਹੋਣੀ ਚਾਹੀਦੀ ਤੇ ਸਾਨੂੰ ਉਸ ਦੀ ਮਾਫ਼ੀ ਮੰਗ ਲੈਣੀ ਚਾਹੀਦੀ ਹੈ। ਗ਼ਲਤੀ ਨੂੰ ਮੰਨਣਾ ਸ਼ਿਸ਼ਟਾਚਾਰ ਦਾ ਇੱਕ ਹਿੱਸਾ ਹੈ। ਦੇਖਿਆ ਜਾਵੇ ਤਾਂ ਮਾਫ਼ੀ ਮੰਗਣ ਨਾਲ ਸਾਡੀ ਅਣਖ ਨਹੀਂ ਘਟਦੀ ਸਗੋਂ ਸਾਡਾ ਵਿਅਕਤਿਤਵ ਉਜਾਗਰ ਹੁੰਦਾ ਹੈ ਅਤੇ ਕਈ ਵਾਰ ਆਉਣ ਵਾਲੀਆਂ ਮੁਸੀਬਤਾਂ ਤੋਂ ਸਾਡਾ ਬਚਾਅ ਵੀ ਹੋ ਸਕਦਾ ਹੈ। ਛੋਟੇ ਮਸਲੇ ਵੱਡੇ ਨਹੀਂ ਬਣਦੇ ਤੇ ਅਸੀਂ ਤਣਾਅ-ਮੁਕਤ ਰਹਿੰਦੇ ਹਾਂ।

ਪ੍ਰਸ਼ਨ:

(ੳ) ਸਮਾਜ ਵਿੱਚ ਵਿਚਰਦਿਆਂ ਕਈ ਵਾਰ ਸਾਡੇ ਕੋਲੋਂ ਕੀ ਹੋ ਜਾਂਦਾ ਹੈ ? 2

(ਅ) ਸਾਨੂੰ ਕਿਸ ਕਿਸਮ ਦੀ ਝਿਜਕ ਨਹੀਂ ਹੋਣੀ ਚਾਹੀਦੀ ? 2

(ੲ) ਕਈ ਵਾਰ ਅਸੀਂ ਗਲਤੀ ਮੰਨਣ ਤੋਂ ਇਨਕਾਰੀ ਕਿਉਂ ਹੋ ਜਾਂਦੇ ਹਾਂ? 2

Downloaded from cclchapter.com

2x3 = 6

7. ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕੇਵਲ ਪੰਜ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਅਰਥ ਸਪਸ਼ਟ ਹੋ ਜਾਣ:

(ੳ) ਕੱਪੜਿਆਂ ਤੋਂ ਬਾਹਰ ਹੋਣਾ 2

(ਅ) ਚੜ੍ਹਦੀ ਕਲਾ ਵਿੱਚ ਹੋਣਾ 2

(ੲ) ਜਫਰ ਜਾਲਣਾ 2

(ਸ) ਠੋਕ-ਵਜਾ ਕੇ ਵੇਖਣਾ 2

(ਹ) ਦਿਨ-ਰਾਤ ਇੱਕ ਕਰਨਾ 2

(ਕ) ਪੱਤਰਾ ਵਾਚ ਜਾਣਾ 2

(ਖ) ਮੁੱਠੀ ਗਰਮ ਕਰਨਾ 2

(ਗ) ਉੱਚਾ ਸਾਹ ਨਾ ਕੱਢਣਾ 2

(ਘ) ਲੋਹਾ ਲਾਖਾ ਹੋਣਾ 2

(ਙ) ਪਾਣੀ ਵਾਰ ਕੇ ਪੀਣਾ 2

2x5 = 10

8. ਵਿਸਰਾਮ ਚਿੰਨ੍ਹ ਲਾ ਕੇ ਦੁਬਾਰਾ ਲਿਖੋ:

ਗੀਤਾ ਨੇ ਸੀਤਾ ਨੂੰ ਪੁੱਛਿਆ ਭੈਣੇ ਗੰਢੇ ਆਲੂ ਤੇ ਟਮਾਰ ਕਿਸ ਭਾਅ ਖ਼ਰੀਦੇ ਨੇ $^{1}/_{2}$x6 = 3

9. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ:

(ੳ) ਬੋਲੀ (ਸਾਹਿਤਿਕ ਬੋਲੀ) ਤੇ ਉਪ ਬੋਲੀ ਵਿੱਚ ਕੀ ਫ਼ਰਕ ਹੁੰਦਾ ਹੈ ? 3

(ਅ) ਨਾਸਿਕੀ ਸ੍ਵਰ ਕਿਹੜੇ ਹੁੰਦੇ ਹਨ ? 1

3+1=4

10. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ:

(ੳ) ਪੰਜਾਬੀ ਬੋਲੀ (ਭਾਸ਼ਾ) ਨੂੰ ਲਿਖਣ ਲਈ ਕਿਹੜੀ ਲਿਪੀ ਢੁਕਵੀਂ ਹੈ ਤੇ ਕਿਉਂ ? 1

(ਅ) ਲਗਾਖਰ ਕੀ ਹੁੰਦੇ ਹਨ ? ਪੰਜਾਬੀ ਵਿੱਚ ਕਿੰਨੇ ਲਗਾਖਰ ਹਨ ? 1

1+1=2

11. (ੳ) ਯੋਜਕ ਜਾਂ ਕਿਰਿਆ ਵਿਸ਼ੇਸ਼ਣ ਦੀ ਪਰਿਭਾਸ਼ਾ ਉਦਾਹਰਨਾਂ ਸਹਿਤ ਲਿਖੋ। 2

(ਅ) ਨਾਂਵ ਦੀਆਂ ਕੋਈ ਦੋ ਕਿਸਮਾਂ ਉਦਾਹਰਨਾਂ ਸਹਿਤ ਲਿਖੋ। 1

3+1=4

Downloaded from cclchapter.com

12. ਹੇਠ ਲਿਖੇ ਵਾਕ ਨੂੰ ਵਚਨ ਤੇ ਲਿੰਗ ਬਦਲਣ ਉਪਰੰਤ ਦੋ ਵੱਖੋ-ਵੱਖਰੇ ਵਾਕ ਵਿੱਚ ਲਿਖੋ:

ਮਨਦੀਪ ਆਪਣੀਆਂ ਸਹੇਲੀਆਂ ਤੇ ਦਾਸੀਆਂ ਨਾਲ ਗੁਰੂ ਕੇ ਬਾਗ਼ ਦੇ ਦਰਸ਼ਨ ਲਈ ਗਈ। 1+1=2

13. ਹੇਠ ਲਿਖੇ ਵਾਕ ਨੂੰ ਭੂਤ-ਕਾਲ ਅਤੇ ਭਵਿਖਤ-ਕਾਲ ਵਿੱਚ ਬਦਲਣ ਉਪਰੰਤ ਦੋ ਵੱਖੋ-ਵੱਖਰੇ ਵਾਕਾਂ ਵਿੱਚ ਲਿਖੋ:

ਅਸੀਂ ਸਾਰੇ ਪਰਿਵਾਰ ਦੇ ਮੈਂਬਰ ਮੇਲੇ ਜਾਂਦੇ ਹਾਂ | 1+1=2

14. (ੳ) 'ਸਦਾਚਾਰ' ਸ਼ਬਦ ਦਾ ਵਿਰੋਧੀ ਸ਼ਬਦ ਲਿਖੋ: 1

(ਅ) 'ਜਿਨ੍ਹਾਂ ਲੋਕਾਂ ਦਾ ਕੋਈ ਪੱਕਾ ਟਿਕਾਣਾ ਨਾ ਹੋਵੇ' ਲਈ ਇੱਕ ਢੁਕਵਾਂ ਸ਼ਬਦ ਲਿਖੋ। 1

(ੲ) 'ਉਪਕਾਰ' ਸਬਦ ਦੇ ਤਿੰਨ ਸਮਾਨਾਰਥਕ ਸ਼ਬਦ ਲਿਖੋ। 1

1+1+1=3

Downloaded from cclchapter.com